# ਦਫ਼ਤਰ ਜਿਲ੍ਹਾ ਮੈਜਿਸਟਰੇਟ ਬਰਨਾਲਾ

**COVID-19**

(ਐਮ.ਏ ਸ਼ਾਖਾ)

**ਹੁਕਮ ਨੰ.ਐਮ.ਏ./119954/274** **ਮਿਤੀ: 12/05/2020**

## ਦਫ਼ਤਰੀ ਹੁਕਮ

ਇਸ ਦਫ਼ਤਰ ਦੇ ਹੁਕਮ ਨੰਬਰ: ਐਮ.ਏ./119954/254 ਮਿਤੀ: 05-05-2020 ਦੀ ਲਗਾਤਾਰਤਾ ਵਿੱਚ ਜਿਲ੍ਹਾ ਬਰਨਾਲਾ ਦੀ ਹਦੂਦ ਅੰਦਰ ਪੈਂਦੇ ਰੈਸਟੋਰੈਂਟ **ਹਰੇਕ ਸ਼ੁੱਕਰਵਾਰ ਅਤੇ ਸ਼ਨੀਵਾਰ** ਨੂੰ **ਸਵੇਰੇ 07:00 ਵਜੇ ਤੋਂ ਲੈਕੇ ਸ਼ਾਮ 03:00 ਵਜੇ ਤੱਕ** ਖੋਲਣ ਦੀ ਪ੍ਰਵਾਨਗੀ ਨਿਮਨ ਲਿਖਤ ਸ਼ਰਤਾਂ ਦੇ ਆਧਾਰ ਤੇ ਦਿੱਤੀ ਜਾਂਦੀ ਹੈ:-

1) ਰੈਸਟੋਰੈਂਟਾਂ ਉਪਰ ਹਰ ਸਮੇਂ ਸਾਫ-ਸਫਾਈ ਰੱਖੀ ਜਾਵੇਗੀ।
2) **ਰੈਸਟੋਰੈਂਟਾਂ ਵੱਲੋਂ ਆਮ ਪਬਲਿਕ ਨੂੰ ਤਾਜ਼ਾ ਖਾਣਾ ਹੀ ਪੈਕ ਕਰਕੇ (take away facility) ਦਿੱਤਾ ਜਾਵੇਗਾ। ਰੈਸਟੋਰੈਂਟਾਂ ਵਿੱਚ ਬੈਠਕੇ ਖਾਣ-ਪੀਣ ਦੀ ਮੁਕੰਮਲ ਪਾਬੰਦੀ ਹੋਵੇਗੀ।**
3) ਰੈਸਟੋਰੈਂਟਾਂ ਦੇ ਬਾਹਰ ਸ਼ੋਸਲ ਡਿਸਟੈਂਸ ਨੂੰ ਦਰਸਾਉਂਦੇ ਹੋਏ 01-01 ਮੀਟਰ ਦੀ ਦੂਰੀ ਤੇ ਗੋਲ ਚੱਕਰ ਬਣਾਏ ਜਾਣਗੇ ਅਤੇ ਰੈਸਟੋਰੈਂਟਾਂ ਅੰਦਰ ਆਮ ਪਬਲਿਕ ਨੂੰ ਦਾਖਲ ਹੋਣ ਦੀ ਆਗਿਆ ਨਹੀਂ ਹੋਵੇਗੀ।
4) ਰੈਸਟੋਰੈਂਟਾਂ ਉਪਰ ਖਾਣਾ ਬਨਾਉਣ ਵਾਲੇ ਬਰਤਨਾਂ ਨੂੰ ਸਾਫ ਚੱਲਦੇ ਪਾਣੀ ਅਤੇ ਬਰਤਨਵਾਰ (Washing Soap) ਨਾਲ ਚੰਗੀ ਤਰ੍ਹਾਂ ਸਾਫ ਕੀਤਾ ਜਾਵੇਗਾ।
5) ਰੈਸਟੋਰੈਂਟਾਂ ਉਪਰ ਕੰਮ ਕਰਨ ਵਾਲੇ ਕੁੱਕ/ਲੇਬਰ ਲਈ ਦਸਤਾਨੇ ਅਤੇ ਮਾਸਕ ਪਹਿਨਣੇ ਜਰੂਰੀ ਹੋਣਗੇ।
6) ਰੈਸਟੋਰੈਂਟਾਂ ਨੂੰ ਖੋਲਣ ਅਤੇ ਬੰਦ ਕਰਨ ਸਮੇਂ ਚੰਗੀ ਤਰ੍ਹਾਂ Liquid Soap/Lizol ਆਦਿ ਨਾਲ ਸਾਫ ਕੀਤਾ ਜਾਵੇਗਾ।
7) ਰੈਸਟੋਰੈਂਟਾਂ ਉਪਰ ਕੰਮ ਕਰਨ ਵਾਲੇ ਕੁੱਕ/ਲੇਬਰ ਵੱਲੋਂ ਸਮੇਂ-ਸਮੇਂ ਤੇ ਸੈਨੀਟਾਈਜ਼ਰ ਅਤੇ ਸਾਬਣ ਦੀ ਵਰਤੋਂ ਕਰਨਗੇ ਅਤੇ ਸੋਸ਼ਲ ਡਿਸਟੈਂਸ (01 ਮੀਟਰ ਦੀ ਦੂਰੀ) ਬਣਾਕੇ ਰੱਖਣਗੇ।
8) ਕਿਸੇ ਵੀ ਕੁੱਕ/ਲੇਬਰ ਨੂੰ ਜੇਕਰ ਕੋਈ ਬਿਮਾਰੀ ਦੇ ਲੱਛਣ ਜਿਵੇ ਕਿ ਖੰਘ, ਜੁਕਾਮ, ਤੇਜ ਬੁਖਾਰ ਆਦਿ ਹੋਵੇ ਤਾਂ ਉਹ ਆਪਣੇ ਨੇੜੇ ਦੇ ਹਸਤਪਾਲ ਵਿਖੇ ਚੈਕਅੱਪ ਕਰਵਾਉਣਾ ਯਕੀਨੀ ਬਨਾਉਣਗੇ।
9) ਉਕਤ ਅਨੁਸਾਰ ਹਦਾਇਤਾਂ ਦੀ ਪਾਲਣਾ ਕਰਵਾਉਣ ਦੀ ਪੂਰੀ ਜਿੰਮੇਵਾਰੀ ਰੈਸਟੋਰੈਂਟ ਦੇ ਮਾਲਕ ਦੀ ਹੋਵੇਗੀ।
10) ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਹੋਣ ਵਾਲੀਆਂ ਹਦਾਇਤਾਂ ਦੀ ਪਾਲਣਾ ਕਰਨੀ ਵੀ ਯਕੀਨੀ ਬਣਾਈ ਜਾਵੇਗੀ।

**ਨੋਟ: ਜਿਲ੍ਹਾ ਸਿਹਤ ਅਫ਼ਸਰ, ਬਰਨਾਲਾ ਵੱਲੋਂ ਸਮੇਂ-ਸਮੇਂ ਰੈਸਟੋਰੈਂਟਾਂ ਦੀ ਚੈਕਿੰਗ ਕੀਤੀ ਜਾਵੇਗੀ ਅਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਉਲੰਘਣਾ ਕਰਨ ਵਾਲੇ ਰੈਸਟੋਰੈਂਟਾਂ ਦੇ ਲਾਇਸੈਂਸ ਰੱਦ ਕੀਤੇ ਜਾਣਗੇ। ਉਲੰਘਣਾ ਕਰਨ ਵਾਲੇ ਦੇ ਖਿਲਾਫ Section 188 of the Indian Penal Code, 1860 ਅਨੁਸਾਰ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।**

ਜਿਲ੍ਹਾ ਮੈਜਿਸਟਰੇਟ ਬਰਨਾਲਾ

**ਤੇਜ ਪ੍ਰਤਾਪ ਸਿੰਘ ਫੂਲਕਾ, ਆਈ.ਏ.ਐਸ.**
**ਜਿਲ੍ਹਾ ਮੈਜਿਸਟਰੇਟ,**
**ਬਰਨਾਲਾ**

**ਪਿੱਠ ਅੰਕਣ ਨੰ.ਐਮ.ਏ/119954/9211-9221** **ਮਿਤੀ: 12/05/2020**

ਉਪਰੋਕਤ ਦਾ ਇਕ ਉਤਾਰਾ ਨਿਮਨ ਲਿਖਤ ਪਾਸ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿੱਤ ਘੱਲਿਆ ਜਾਂਦਾ ਹੈ:-

1. **ਸੀਨੀਅਰ ਕਪਤਾਨ ਪੁਲਿਸ, ਬਰਨਾਲਾ।**
2. **ਸਿਵਲ ਸਰਜਨ,ਬਰਨਾਲਾ।**
3. **ਉਪ ਮੰਡਲ ਮੈਜਿਸਟਰੇਟ,ਬਰਨਾਲਾ/ਤਪਾ।**
4. **ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਬਰਨਾਲਾ**
5. **ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਬਰਨਾਲਾ।**
6. **ਜਿਲ੍ਹਾ ਸਿਹਤ ਅਫਸਰ, ਬਰਨਾਲਾ।**
7. **ਜਿਲ੍ਹਾ ਲੋਕ ਸੰਪਰਕ ਅਫ਼ਸਰ ਬਰਨਾਲਾ।**
8. **ਪੀ.ਏ ਟੂ ਡੀ.ਐਮ./ਸਟੈਨੋਗ੍ਰਾਫਰ ਟੂ ਏ.ਡੀ.ਐਮ(ਜ)./ਸਟੈਨੋ ਟੂ ਏ.ਸੀ.(ਜ/ਸ਼ਿਕ)।**

**ਜਿਲ੍ਹਾ ਮੈਜਿਸਟਰੇਟ,**
**ਬਰਨਾਲਾ**